# **ਆਜਾ ਨੀਂ ਚੰਦਰੀਏ ਨੀਂਦੇ**

ਆਜਾ ਨੀਂ ਚੰਦਰੀਏ ਨੀਂਦੇ ਅਖੀਆ ਤਰਸ ਗਯੀਆਂ

ਅਖੀਆਂ ਵੀ ਹੁਣ ਤਾਂ ਨੀਂਦੇ ਰਜ ਕੇ ਬਰਸ ਗਯੀਆਂ

ਵਾਂਗ ਹੜੱਪਾ ਲਗਦੇ ਖੰਡਰ ਹੋ ਗੀਆਂ ਨੇ

ਧੋ ਕੇ ਟੰਗੇ ਕਪੜੇ ਵਾਂਗਰ ਚੋ ਗੀਆਂ ਨੇ

ਘੜੀ ਦੀ ਸੂਈ ਵਾਂਗਰ ਕੀਤੇ ਖੜੋ ਗੀਆਂ ਨੇ

ਟਸਕ ਟਸਕ ਕੇ ਲਗਦੇ ਪਥਰ ਹੋ ਗੀਆਂ ਨੇ

ਇਹਨਾਂ ਅੰਦਰ ਨੀਂਦੇ ਆ ਕੇ ਵਸ ਜਾ ਨੀ

ਜੀਵਨ ਜਾਚ ਦੇ ਨਵੇਂ ਕੋਈ ਨੁਸਖੇ ਦੱਸ ਜਾ ਨੀਂ

ਨਵੇਂ ਨਵੇਂ ਕੋਈ ਸੁਪਨੇ ਤੂੰ ਸੰਜੋ ਜਾ ਨੀਂ

ਮੇਰੇ ਨੈਣਾਂ ਦੀ ਸਦਾ ਲਈ ਹੋ ਜਾ ਨੀਂ

ਤੇਰੀ ਖਾਤਰ ਗਿਣੇ ਮੈਂ ਕਿੰਨੇਂ ਤਾਰੇ ਨੀਂ

ਕੱਲੇ ਕਲੇ ਆਖਾਂ ਵਿਚ ਨਿਹਾਰੇ ਨੀਂ

ਵਿਚੇ ਵੇਖੇ ਤਾਰੇ ਪੁਛਲ ਵਾਲੇ ਨੀਂ

ਗੇੜੇ ਮੰਜੇ ਦੇ ਵੀ ਵਾਧੂ ਮਾਰੇ ਨੀਂ

ਅਧੀ ਰਾਤੀਂ ਲਗਦੇ ਕਾਰਾ ਹੋ ਗਿਆ

ਨੀਂਦਰ ਬਾਝੋਂ ਬੇਸਹਾਰਾ ਹੋ ਗਿਆ

ਲਗਦੇ ਮੈਂ ਅਮਬਰ ਦਾ ਤਾਰਾ ਹੋ ਗਿਆ

ਨੀਂਦ ਲਿਆਓ ਮੇਰਾ ਨਾਹਰਾ ਹੋ ਗਿਆ

ਆਜਾ ਨੀਂ ਚੰਦਰੀਏ ਨੀਂਦੇ ਅਖੀਆ ਤਰਸ ਗਯੀਆਂ

ਅਖੀਆਂ ਵੀ ਹੁਣ ਤਾਂ ਨੀਂਦੇ ਰਜ ਕੇ ਬਰਸ ਗਯੀਆਂ